ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ **ਖੋਜਨਾਮਾ**

ISSN: 2584-0509



# ਪੰਜਾਬੀ ਗ਼ਜ਼ਲ ਦਾ ਸਿਪਾਹਸਾਲਾਰ: ਤਜੱਮਲ ਕਲੀਮ



ਜਸਪਾਲ ਘਈ

+91 99150-99926

ਤਜੱਮਲ ਕਲੀਮ ਲਹਿੰਦੇ ਪੰਜਾਬ ਦਾ ਅਜਿਹਾ ਨਾਮਵਰ ਸ਼ਾਇਰ ਹੋਇਆ ਹੈ, ਜਿਸ ਦੀ ਮਕਬੂਲੀਅਤ ਭੂਗੋਲਿਕ ਹੱਦਾਂ-ਬੰਨੇ ਟੱਪ ਕੇ ਲਹਿੰਦੇ, ਚੜ੍ਹਦੇ ਪੰਜਾਬ ਤੋਂ ਇਲਾਵਾ ਵਿਦੇਸ਼ੀਂ ਵਸਦੇ ਤੀਜੇ ਪੰਜਾਬ ਤਕ ਫੈਲ ਗਈ ਸੀ। ਅੱਜ ਵੀ ਉਹ ਪੰਜਾਬੀ ਅਦਬ ਓ ਸਕਾਫ਼ਤ ਨੂੰ ਪਿਆਰ ਕਰਨ ਵਾਲੇ ਹਰ ਪੰਜਾਬੀਆਂ ਦੇ ਦਿਲਾਂ ਵਿਚ ਵਸਦਾ ਹੈ ਅਤੇ ਉਸ ਦੇ ਸ਼ਿਅਰ ਮਾਂ ਬੋਲੀ ਪੰਜਾਬੀ ਦੀ ਸਾਹਿਤਕ ਸਮਰਥਾ ਦਾ ਪਰਚਮ ਲਹਿਰਾਉਂਦੇ ਹੋਏ ਐਲਾਨ ਕਰਦੇ ਹਨ ਕਿ ਪੰਜਾਬੀ ਗ਼ਜ਼ਲ ਕਿਸੇ ਵੀ ਹੋਰ ਜ਼ਬਾਨ ਦੀ ਗ਼ਜ਼ਲ ਨਾਲੋਂ ਪਿੱਛੇ ਨਹੀਂ। ਉਸ ਦੇ ਕਲਾਮ ਵਿਚ ਸ਼ੋਖ਼ੀ ਵੀ ਹੈ, ਸਾਦਗੀ ਵੀ ਹੈ। ਉਸ ਦੀ ਕਾਵਿ ਭਾਸ਼ਾ ਕਲਾਤਮਿਕ ਬਰੀਕੀਆਂ ਅਤੇ ਕਾਵਿ-ਸੁਹਜ ਦੇ ਨਗੀਨਿਆਂ ਨਾਲ ਜੜੀ ਹੋਣ ਦੇ ਬਾਵਜੂਦ ਵੱਡੀ ਤੋਂ ਵੱਡੀ ਅਤੇ ਗੁੰਝਲਦਾਰ ਤੋਂ ਗੁੰਝਲਦਾਰ ਗੱਲ ਨੂੰ ਵੀ ਬੜੀ ਸਹਿਜਤਾ ਨਾਲ ਆਖਣ ਦੇ ਸਮਰੱਥ ਹੈ। ਉਸ ਦੀ ਸ਼ਾਇਰੀ ਗ਼ਮ-ਏ-ਹਿਜਰਾਂ ਤੋਂ ਗ਼ਮ-ਏ-ਦੌਰਾਂ ਤਕ ਦੀ ਸ਼ਾਇਰੀ ਹੈ ਜੋ ਸਵੈ ਤੋਂ ਸਰਬ ਤਕ ਦਾ ਸਫ਼ਰ ਕਰਦੀ ਹੋਈ ਨਿੱਜ-ਪੀੜਾ ਤੇ ਲੋਕ-ਪੀੜਾ ਨੂੰ ਇੰਝ ਆਪਣੇ ਕਲਾਵੇ ਵਿਚ ਲੈਂਦੀ ਹੈ ਕਿ ਦੋਵੇਂ ਪੀੜਾਂ ਇਕਮਿਕ ਹੋ ਜਾਂਦੀਆਂ ਹਨ।

ਤਜੱਮਲ ਕਲੀਮ ਦਾ ਜਨਮ 26 ਮਾਰਚ 1960 ਨੂੰ ਚੂਨ੍ਹੀਆਂ ਜ਼ਿਲ੍ਹਾ ਕਸੂਰ ਵਿਚ ਮੁਹੰਮਦ ਸ਼ਫ਼ੀ ਦੇ ਘਰ ਹੋਇਆ। ਨਿੱਕੀ ਉਮਰੇ ਯਤੀਮਤ ਹੰਢਾਉਣੀ ਪਈ। ਹਾਲਾਤ ਨੇ ਉਸ ਨੂੰ ਬਚਪਨ ਵਿਚ ਹੀ ਜਵਾਨ ਕਰ ਦਿੱਤਾ। ਘਰ ਦਾ ਤੋਰਾ ਤੋਰਨ ਲਈ ਮਿਹਨਤ ਮਜ਼ਦੂਰੀ ਕਰਨੀ ਪਈ, ਪਰ ਆਪਣੀ ਪੜ੍ਹਾਈ ਜਾਰੀ ਰੱਖੀ। ਬਾਰਾਂ ਜਮਾਤਾਂ ਪੜ੍ਹ ਕੇ ਮਹਿਕਮਾ ਤਾਲੀਮ ਦੇ ਨਾਨ-ਟੀਚਿੰਗ ਅਮਲੇ ਵਿਚ ਇਕ ਕਲਰਕ ਵਜੋਂ ਨੌਕਰੀ ਕਰ ਲਈ। ਤਜੱਮਲ ਕਲੀਮ ਦੇ ਗੂੜ੍ਹੇ ਮਿੱਤਰ ਅਤੇ ਪੰਜਾਬੀ ਸ਼ਾਇਰ ਹਰਮੀਤ ਵਿਦਿਆਰਥੀ ਦੇ ਸ਼ਬਦਾਂ ਵਿਚ "ਜ਼ਿੰਦਗੀ ਦੀਆਂ ਤਲਖ਼ੀਆਂ ਅਤੇ ਸਖ਼ਤੀਆਂ ਨੇ ਤਜੱਮਲ ਨੂੰ ਅੱਖਰਾਂ ਨਾਲ ਮੁਹੱਬਤ ਕਰਨੀ ਸਿਖਾ ਦਿੱਤੀ। ਉਹ ਉਰਦੂ ਵਿਚ ਗ਼ਜ਼ਲ ਕਹਿਣ ਲੱਗ ਪਿਆ। 1990 ਵਿਚ ਮੁਨੀਰ ਨਿਆਜ਼ੀ ਨੇ ਇਕ ਇੰਟਰਵਿਊ ਵਿਚ ਜਦ ਇਹ ਕਿਹਾ ਕਿ ਪੰਜਾਬੀ ਗ਼ਜ਼ਲ ਦੀ ਜ਼ਬਾਨ ਨਹੀਂ ਹੈ ਤਾਂ ਤਜੱਮਲ ਪੰਜਾਬੀ ਵੱਲ ਮੁੜ ਆਇਆ। ਮੁਨੀਰ ਨਿਆਜ਼ੀ ਦੇ ਮਿਹਣੇ ਦਾ ਜਵਾਬ ਤਜੱਮਲ ਨੇ ਆਪਣੀ ਕਲਮ ਨਾਲ ਦਿੱਤਾ।"

ਤਜੱਮਲ ਕਲੀਮ ਨੇ ਉਰਦੂ ਦੇ ਇਸ ਸ਼ਾਇਰ ਦੇ ਇਸ ਬਿਆਨ ਨੂੰ ਇਕ ਚੁਣੌਤੀ ਦੇ ਰੂਪ ਵਿਚ ਸਵੀਕਾਰਿਆ। ਉਸ ਨੇ ਉਰਦੂ ਵਿਚ ਗ਼ਜ਼ਲ ਲਿਖਣੀ ਬੰਦ ਕਰ ਦਿੱਤੀ ਅਤੇ ਆਪਣਾ



www.khojnama.com khojnamapb03@gmail.com

ਸਾਰਾ ਧਿਆਨ ਪੰਜਾਬੀ ਗ਼ਜ਼ਲ ਉੱਪਰ ਕੇਂਦਰਿਤ ਕੀਤਾ। ਉਸ ਨੇ ਸਾਰੀ ਹਯਾਤੀ ਸਿਰਫ਼ ਪੰਜਾਬੀ ਗ਼ਜ਼ਲ ਹੀ ਲਿਖੀ। ਉਸ ਦੇ ਪਹਿਲੇ ਗ਼ਜ਼ਲ ਪਰਾਗੇ 'ਬਰਫ਼ਾਂ ਹੇਠ ਤੰਦੂਰ' ਨੂੰ ਹੀ ਪੰਜਾਬੀ ਪਿਆਰਿਆਂ ਦਾ ਐਨਾ ਹੁੰਗਾਰਾ ਮਿਲਿਆ ਕਿ ਉਸ ਨੂੰ ਉਸਤਾਦ ਗ਼ਜ਼ਲਕਾਰਾਂ ਵਿਚ ਸ਼ੁਮਾਰ ਕੀਤਾ ਜਾਣ ਲੱਗਾ ਅਤੇ ਉਸ ਨੂੰ ਆਲਮੀ ਪੱਧਰ ਦੀ ਮਕਬੂਲੀਅਤ ਮਿਲਣੀ ਸ਼ੁਰੂ ਹੋ ਗਈ।

ਇਸ ਤੋਂ ਬਾਅਦ ਉਸ ਦੇ ਉਸ ਦੇ ਗ਼ਜ਼ਲ ਪਰਾਗੇ ਲਗਾਤਾਰ ਛਪਦੇ ਗਏ, ਜਿਨ੍ਹਾ ਦੀ ਬਦੌਲਤ ਤਜੱਮਲ ਕਲੀਮ ਦਾ, ਪੰਜਾਬੀ ਗ਼ਜ਼ਲ ਦਾ ਅਤੇ ਮਾਂ ਬੋਲੀ ਪੰਜਾਬੀ ਦਾ ਕੱਦ ਲਗਾਤਾਰ ਬੁਲੰਦ ਹੁੰਦਾ ਗਿਆ। ਸੋਸ਼ਲ ਮੀਡੀਆ ਨੇ ਉਸ ਨੂੰ ਉਸ ਦੇ ਪਾਠਕਾਂ ਦੇ ਹੋਰ ਨੇੜੇ ਕੀਤਾ ਅਤੇ ਹਿੰਦੋਸਤਾਨ ਤੇ ਆਸਟ੍ਰੇਲੀਆ ਵਿਚਲੇ ਮੁਸ਼ਾਇਰਿਆਂ ਵਿਚ ਸ਼ਿਰਕਤ ਕਰ ਕੇ ਉਸ ਨੇ ਖ਼ੂਬ ਦਾਦ ਵਸੂਲੀ ਅਤੇ ਉਸ ਦੇ ਪ੍ਰਸ਼ੰਸਕਾਂ ਦਾ ਦਾਇਰਾ ਵਸੀਹ ਦਰ ਵਸੀਹ ਹੁੰਦਾ ਗਿਆ।

ਤਜੱਮਲ ਕਲੀਮ ਦੀਆਂ ਛੇ ਕਿਤਾਬਾਂ : ਬਰਫ਼ਾਂ ਹੇਠ ਤੰਦੂਰ, ਹਾਣ ਦੀ ਸੂਲੀ, ਵਿਹੜੇ ਦਾ ਰੁੱਖ, ਚੀਕਦਾ ਮੰਜ਼ਰ, ਲੈ ਦੱਸ ਅਤੇ ਲਫ਼ਜ਼ਾਂ ਦੇ ਦੰਦ ਲਹਿੰਦੇ ਪੰਜਾਬ ਵਿਚ ਛਪੀਆਂ। ਚੜ੍ਹਦੇ ਪੰਜਾਬ ਵਿਚ ਉਸ ਦੀਆਂ ਤਿੰਨ ਕਿਤਾਬਾਂ : ਕਮਾਲ ਕਰਦੇ ਓ ਬਾਦਸ਼ਾਹੋ, ਗ਼ਜ਼ਲ ਧਮਾਲਾਂ ਪਾਵੇ ਅਤੇ ਯਾਰ ਕਲੀਮਾ ਗੁਰਮੁਖੀ ਲਿੱਪੀ ਵਿਚ ਛਪੀਆਂ ਹਨ। 'ਯਾਰ ਕਲੀਮਾ' ਵਿਚ ਉਸ ਦਾ ਸਮੁੱਚਾ ਕਲਾਮ ਹੈ। ਇਸ ਕਿਤਾਬ ਵਿਚ ਉਸ ਦੀਆਂ ਗ਼ਜ਼ਲਾਂ ਤੋਂ ਇਲਾਵਾ ਚੌਮਿਸਰੇ ਅਤੇ ਬੋਲੀਆਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ।

ਵਧੀਆ ਸ਼ਾਇਰੀ ਦੀਆਂ ਦੋ ਨਿਸ਼ਾਨੀਆਂ ਮੰਨੀਆਂ ਗਈਆਂ ਹਨ : ਪਹਿਲੀ ਇਹ ਕਿ ਪੜ੍ਹਨ/ਸੁਣਨ ਵਾਲੇ ਨੂੰ ਇਉਂ ਲੱਗਣ ਲੱਗ ਪਵੇ ਕਿ ਸ਼ਾਇਰ ਆਪਣੀ ਗੱਲ ਨਹੀਂ ਕਰ ਰਿਹਾ ਸਗੋਂ ਉਸ ਦੀ ਗੱਲ ਕਰ ਰਿਹਾ ਹੈ। ਤੇ ਦੂਜੀ ਇਹ ਕਿ ਉਸ ਨੂੰ ਸ਼ਿੱਦਤ ਨਾਲ ਮਹਿਸੂਸ ਹੋਵੇ ਕਿ ਆਪਣੀ ਗੱਲ ਉਹ ਐਨੀ ਵਧੀਆ ਤਰ੍ਹਾਂ ਨਾਲ ਬਿਆਨ ਨਹੀਂ ਸੀ ਕਰ ਸਕਦਾ, ਜਿੰਨੀ ਵਧੀਆ ਤਰ੍ਹਾਂ ਨਾਲ ਸ਼ਾਇਰ ਨੇ ਉਸ ਦੀ ਗੱਲ ਨੂੰ ਬਿਆਨ ਕਰ ਦਿੱਤਾ ਹੈ। ਅਜਿਹੀ ਸ਼ਾਇਰੀ ਹੀ ਲੋਕਾਂ 'ਚ ਮਕਬੂਲ ਹੁੰਦੀ ਹੈ ਅਤੇ ਅਜਿਹਾ ਸ਼ਾਇਰ ਹੀ ਲੋਕਾਂ ਦਾ ਮਹਿਬੂਬ ਸ਼ਾਇਰ ਬਣਦਾ ਹੈ। ਤਜੱਮਲ ਕਲੀਮ ਦੀ ਸ਼ਾਇਰੀ ਵਿਚ ਇਹ ਦੋਵੇਂ ਨਿਸ਼ਾਨੀਆਂ ਮਿਲਦੀਆਂ ਹਨ। ਇਸੇ ਕਰਕੇ ਉਸ ਦੀ ਸ਼ਾਇਰੀ ਮਨ ਨੂੰ ਟੁੰਬਦੀ, ਰੂਹ ਨੂੰ ਝੰਜੋੜਦੀ ਅਤੇ ਬੰਦੇ ਨੂੰ 'ਵਾਹ' ਕਹਿਣ 'ਤੇ ਮਜਬੂਰ ਕਰ ਦਿੰਦੀ ਹੈ। ਪੰਜਾਬੀ ਸ਼ਾਇਰ ਗੁਰਤੇਜ ਕੋਹਾਰਵਾਲਾ ਤਜੱਮਲ ਦੀ

ਸ਼ਾਇਰੀ ਬਾਰੇ ਲਿਖਦਾ ਹੈ ਕਿ "ਤਜੱਮਲ ਕਲੀਮ ਸੌਖੀ ਜ਼ਬਾਨ ਦਾ ਸ਼ਾਇਰ ਹੈ, ਪਰ ਉਸ ਦੀ ਸ਼ਾਇਰੀ ਸੌਖੀ ਨਹੀਂ। ਇਹ ਜ਼ਿੰਦਗੀ ਦੀਆਂ ਔਖਾਂ ਦਾ ਭਾਰ ਚੁੱਕੀ ਫਿਰਦੀ ਹੈ। ਇਸ ਵਿਚ ਤਲਖ਼ੀਆਂ ਤੇ ਮਹਿਰੂਮੀਆਂ ਉਦਾਸੀ ਦੇ ਕੋਲ ਗਾਉਂਦੀਆਂ ਹਨ। ਇਹ ਸ਼ਾਇਰੀ ਨੰਗੇ ਪੈਰਾਂ 'ਚ ਚੁਭਦੀਆਂ ਸੂਲਾਂ ਅਤੇ ਪੱਥਰ ਘੜਦਿਆਂ ਜ਼ਖ਼ਮੀ ਹੋਏ ਪੋਟਿਆਂ ਦਾ ਲਹੂ ਲਿਖਦੀ ਹੈ। ਛੋਟੇ ਛੋਟੇ ਮਿਸਰੇ ਤਜੱਮਲ ਕਲੀਮ ਦੀ ਖ਼ਾਸੀਅਤ ਹਨ, ਜੋ ਉਸ ਦੇ ਸ਼ਿਅਰਾਂ ਨੂੰ ਲੋਕ ਮੁਹਾਵਰੇ ਦੇ ਨੇੜੇ ਰੱਖਦੇ ਹਨ।"

ਲਹਿੰਦੇ ਪੰਜਾਬ ਦੇ ਇਕ ਅਦੀਬ ਖ਼ਾਲਿਦ ਅਰਮਾਨ ਅਨੁਸਾਰ 'ਤਜੱਮਲ ਕਲੀਮ ਆਪਣੀ ਤਖ਼ਲੀਕੀ ਜ਼ਬਾਨ ਦਾ ਅਜਿਹਾ ਹੁਕਮਰਾਨ ਹੈ ਜਿਸ ਦੇ ਲਈ ਸ਼ਿਅਰ-ਗੋਈ ਸ਼ਿਅਰ-ਤਲਬੀ ਏ। ਉਹ ਸ਼ਾਇਰੀ ਦੀ ਦੁਨੀਆ ਦੇ ਵੱਡੇ ਵੱਡੇ ਸ਼ਾਹ-ਸਵਾਰਾਂ ਦੀ ਟੱਕਰ ਦਾ ਸ਼ਾਇਰ ਏ।' ਲਹਿੰਦੇ ਪੰਜਾਬ ਦੇ ਇਕ ਹੋਰ ਅਦੀਬ ਅਨਵਰ ਮਸਊਦ ਦੇ ਵਿਚਾਰ ਅਨੁਸਾਰ 'ਕਲੀਮ ਦੀ ਹੁਨਰਮੰਦੀ ਤੇ ਮਜ਼ਮੂਨ ਆਫ਼ਰੀ ਉਸ ਦਾ ਕਮਾਲ ਏ। ਅਜੋਕੇ ਸਮੇਂ ਵਿਚ ਕਲੀਮ ਦੀ ਗ਼ਜ਼ਲ ਆਪਣੇ ਸੱਜਰੇਪਣ ਤੇ ਅਨੋਖੇਪਣ ਦੇ ਲਿਹਾਜ਼ ਨਾਲ ਵੱਖਰੀ ਤੇ ਗੁੱਝੀ ਨਾ ਰਹਿਣ ਵਾਲੀ ਗ਼ਜ਼ਲ ਏ।'

ਅਸਲ ਵਿਚ ਤਜੱਮਲ ਕਲੀਮ ਅਜਿਹਾ ਸ਼ਾਇਰ ਸੀ ਜਿਸ ਨੇ ਪੰਜਾਬੀ ਗ਼ਜ਼ਲ ਨੂੰ ਇਕ ਪਾਸੇ ਤਕਨੀਕੀ ਬਰੀਕੀਆਂ ਸਦਕਾ ਰਵਾਇਤੀ ਗ਼ਜ਼ਲ ਨਾਲ ਜੋੜੀ ਰੱਖਿਆ, ਦੂਜੇ ਪਾਸੇ ਮਜ਼ਮੂਨ ਪੱਖੋਂ ਜਦੀਦੀਅਤ ਦੇ ਰੰਗ 'ਚ ਰੰਗ ਕੇ ਇਸ ਦੇ ਦਾਇਰੇ ਨੂੰ ਵਸੀਹ ਵੀ ਕੀਤਾ। ਰਵਾਇਤ ਤੇ ਜਦੀਦੀਅਤ ਦਾ ਗੱਠਜੋੜ ਹੀ ਉਹ ਨੁਕਤਾ ਹੈ, ਜਿਸ ਨੂੰ ਮਰਕਜ਼ ਵਿਚ ਰੱਖ ਕੇ ਉਸ ਦੀ ਗ਼ਜ਼ਲ ਦਾ ਸਹੀ ਮੁਤਾਲਾ ਵੀ ਕੀਤਾ ਜਾ ਸਕਦਾ ਹੈ ਅਤੇ ਇਸ ਦਾ ਬਣਦਾ ਮੁੱਲ ਵੀ ਪਾਇਆ ਜਾ ਸਕਦਾ ਹੈ। ਇੰਝ ਕਲੀਮ ਦੀ ਸ਼ਾਇਰੀ ਰਵਾਇਤ ਅਤੇ ਜਦੀਦੀਅਤ ਵਿਚਕਾਰ ਉਹ ਪੁਲ ਹੈ ਜਿੱਥੋਂ ਉਸ ਦੀ ਗ਼ਜ਼ਲ ਸ਼ਿਅਰਕਾਰੀ ਦੇ ਨਵੇਂ ਅੰਬਰਾਂ ਵੱਲ ਉਡਾਣ ਭਰਦੀ ਨਜ਼ਰ ਆਉਂਦੀ ਹੈ।

ਤਜੱਮਲ ਕਲੀਮ ਦੇ ਮਜ਼ਾਮੀਨ ਨੂੰ ਮੋਟੇ ਰੂਪ ਵਿਚ ਦੋ ਹਿੱਸਿਆਂ ਵਿਚ ਤਕਸੀਮ ਕੀਤਾ ਜਾ ਸਕਦਾ ਹੈ: ਸ਼ਖ਼ਸੀ ਅਤੇ ਮੁਆਸ਼ਰਾਤੀ। ਮੁਹੱਬਤ ਅਜਿਹਾ ਮਜ਼ਮੂਨ ਏ, ਜਿਸ ਨੂੰ ਸ਼ਾਇਰੀ ਦਾ ਕਦੀਮੀ ਤੇ ਸਦਾਬਹਾਰ ਮਜ਼ਮੂਨ ਆਖਿਆ ਜਾ ਸਕਦਾ ਹੈ। ਕਲੀਮ ਦੀ ਸ਼ਾਇਰੀ ਦੇ ਬਹੁਤ ਵੱਡੇ ਹਿੱਸੇ 'ਤੇ ਇਹ ਮਜ਼ਮੂਨ ਫੈਲਿਆ ਹੋਇਆ ਹੈ। ਪਰ ਉਹ ਇਸ ਨੂੰ ਨਵੇਂ ਮੁਹਾਵਰੇ ਅਤੇ ਨਵੀਂ ਸੋਚ ਵਿਚ ਰੰਗ ਕੇ ਪੇਸ਼ ਕਰਦਾ ਹੈ। ਇਹੋ ਉਸ ਦੀ ਸ਼ਾਇਰੀ ਦਾ ਨਿਵੇਕਲਾਪਣ

ਹੈ। ਉਸ ਦੀ ਸ਼ਾਇਰੀ ਵਿਚਲਾ ਇਸ਼ਕ ਔਰਤ-ਮਰਦ ਦੀ ਜਿਸਮਾਨੀ ਤੇ ਰੂਹਾਨੀ ਕਸ਼ਿਸ਼ ਤੋਂ ਪਾਰ ਜ਼ਿੰਦਗੀ ਦੇ ਦੂਜੇ ਦਾਇਰਿਆਂ ਤਕ ਜਾ ਅੱਪੜਦਾ ਹੈ। ਏਥੇ ਉਸ ਦੀ ਮੁਹੱਬਤ ਜ਼ਿੰਦਗੀ ਅਤੇ ਲੋਕਾਈ ਦੀ ਮੁਹੱਬਤ ਨਾਲ ਸਾਂਝ ਪਾਉਂਦੀ ਹੈ। ਉਸ ਨੂੰ ਤਮਾਮ ਧਰਤੀ ਆਪਣੇ ਰੱਬ ਦਾ ਵਿਹੜਾ ਜਾਪਦੀ ਹੈ ਅਤੇ ਇਸ ਉੱਪਰ ਵਸਣ ਵਾਲੇ ਸਾਰੇ ਲੋਕ ਆਪਣੇ ਸੰਗੀ-ਸਾਥੀ। ਇਨ੍ਹਾ ਸੰਗੀਆਂ-ਸਾਥੀਆਂ ਦੇ ਦੁੱਖਾਂ 'ਚ ਉਹ ਬਿਹਬਲ ਹੁੰਦਾ ਹੈ ਅਤੇ ਬਿਹਤਰ ਜ਼ਿੰਦਗੀ ਲਈ ਲੜਾਈ ਉਸ ਦੇ ਇਸ਼ਕ ਦੀ ਮੰਜ਼ਿਲ ਬਣ ਜਾਂਦੀ ਹੈ। ਏਥੇ ਉਸ ਦਾ ਸ਼ਖ਼ਸੀ ਪਿਆਰ ਲੋਕ-ਪਿਆਰ 'ਚ ਤਬਦੀਲ ਹੁੰਦਾ ਨਜ਼ਰ ਆਉਂਦਾ ਹੈ ਅਤੇ ਇਹੋ ਉਸ ਦੀ ਸ਼ਾਇਰੀ ਦੀ ਵੱਡੀ ਖੱਟਤ ਹੈ।

ਕਲੀਮ ਦੀ ਸ਼ਾਇਰੀ ਤੁਅੱਸਬੀ ਦਾਇਰਿਆਂ ਚੋਂ ਨਿਕਲ ਕੇ ਆਲਮੀ ਬਰਾਦਰੀ ਦੇ ਵੱਡੇ ਦਾਇਰਿਆਂ ਵਿਚ ਦਾਖ਼ਲ ਹੁੰਦੀ ਹੈ। ਸਾਰੀ ਲੋਕਾਈ ਦੇ ਦੁੱਖਾਂ ਦੇ ਦਾਰੂ ਦੀ ਤਲਾਸ਼ ਉਸ ਦੀ ਸ਼ਾਇਰੀ ਦੀ ਤਲਾਸ਼ ਬਣ ਗਈ ਅਤੇ ਇਕ ਸੁਖੀ ਵਸਦੇ ਜਹਾਨ ਦਾ ਖ਼ਾਬ ਉਸ ਦੀ ਸ਼ਾਇਰੀ ਦਾ ਖ਼ਾਬ ਬਣ ਗਿਆ। ਉਹ ਆਪਣੇ ਦੁੱਖਾਂ-ਦਰਦਾਂ ਨੂੰ ਇਕ ਆਮ ਆਦਮੀ ਦੇ ਦੁੱਖਾਂ-ਦਰਦਾਂ ਇੰਝ ਰਲਾ ਕੇ ਪੇਸ਼ ਕਰਨ ਲੱਗ ਪਿਆ ਕਿ ਉਸ ਦੀ ਗ਼ਜ਼ਲ ਆਮ ਆਦਮੀ ਦੇ ਗੂੰਗੇ ਦੁੱਖਾਂ-ਦਰਦਾਂ ਦੀ ਜ਼ਬਾਨ ਬਣ ਗਈ।

ਉਸ ਦੀ ਗ਼ਜ਼ਲ ਵਿਚ ਕਮਾਲ ਦੀਆਂ ਤਕਨੀਕੀ ਬਰੀਕੀਆਂ ਹਨ, ਜੋ ਉਸ ਨੂੰ ਇਕ ਵੱਡਾ ਫ਼ਨਕਾਰ ਅਤੇ ਸ਼ਿਅਰਕਾਰ ਸਾਬਿਤ ਕਰਦੀਆਂ ਹਨ। ਉਸ ਦੀ ਗ਼ਜ਼ਲ ਆਮ ਬੋਲ-ਚਾਲ ਦੀ ਬੋਲੀ ਦੇ ਬਹੁਤ ਨੇੜੇ ਹੈ। ਪਰ ਇਸ ਸਾਦਗੀ ਵਿਚ ਤਰ੍ਹਾਂ-ਤਰ੍ਹਾਂ ਦੇ ਨਖਰੇ ਵੀ ਹਨ, ਜੋ ਉਸ ਦੀ ਗ਼ਜ਼ਲ ਨੂੰ ਫ਼ਨੀ ਪੱਧਰ 'ਤੇ ਅਮੀਰ ਬਣਾਉਂਦੇ ਹਨ। ਮੁਹਾਵਰਾਬੰਦੀ, ਲਫ਼ਜ਼ੀ-ਤਕਰਾਰ, ਮੁਬਾਲਿਗਾ, ਤਲਮੀਹ, ਤਨਜ਼, ਕਨਾਇਆ, ਰਮਜ਼ ਵਗ਼ੈਰਾ ਦੀ ਵਰਤੋਂ ਵਿਚ ਉਸ ਨੂੰ ਮੁਹਾਰਤ ਹਾਸਿਲ ਸੀ। ਉਸ ਦੀ ਗ਼ਜ਼ਲ ਵਿਚ ਕਮਾਲ ਦੀ ਗਿਰ੍ਹਾਬੰਦੀ ਵੇਖਣ ਨੂੰ ਮਿਲਦੀ ਹੈ। ਉਸ ਨੇ ਵਧੇਰੇ ਕਰਕੇ ਫ਼ੇਲੁਨੀ ਬਹਿਰਾਂ ਵਰਤੀਆਂ ਪਰ ਬਹੁਤ ਸਾਰੀਆਂ ਮੁਸ਼ਕਿਲ ਬਹਿਰਾਂ ਨੂੰ ਵੀ ਉਸਤਾਦਾਨਾ ਅੰਦਾਜ਼ ਵਿਚ ਨਿਭਾਇਆ। ਬੈਂਤ ਅਤੇ ਬੈਂਤ-ਖ਼ੁਰਦ ਛੰਦਾਂ ਨੂੰ ਉਸ ਨੇ ਕਮਾਲ ਦੀ ਖ਼ੂਬਸੂਰਤੀ ਨਾਲ ਵਰਤਿਆ।

ਇਹ ਅਜ਼ੀਮ ਸ਼ਾਇਰ ਕਾਫ਼ੀ ਲੰਮਾ ਅਰਸਾ ਬੀਮਾਰ ਰਹਿਣ ਤੋਂ ਬਾਅਦ ਆਖ਼ਿਰ 23 ਮਈ, 2025 ਨੂੰ ਵਫ਼ਾਤ ਪਾ ਗਿਆ। ਉਸ ਨੂੰ ਮਰਨ ਉਪਰੰਤ ਪਾਕਿਸਤਾਨ ਸਰਕਾਰ ਵੱਲੋਂ 'ਪ੍ਰਾਈਡ ਆਫ਼ ਪਰਫਾਰਮੈਂਸ' ਐਵਾਰਡ ਦੇਣ ਦਾ ਐਲਾਨ ਕੀਤਾ ਗਿਆ। ਪਰ ਉਸ ਦਾ

ਅਸਲ ਸਨਮਾਨ ਤਾਂ ਉਸ ਦੇ ਪਾਠਕਾਂ, ਪ੍ਰਸ਼ੰਸਕਾਂ ਦੇ ਮਨਾਂ ਵਿਚ ਉਸ ਦੀ ਸ਼ਾਇਰੀ ਪ੍ਰਤੀ ਪਿਆਰ ਹੈ ਜੋ ਉਸ ਨੂੰ ਜਿਉਂਦੇ ਜੀਅ ਹੀ ਰੱਜਵਾਂ ਹਾਸਿਲ ਹੋਇਆ ਅਤੇ ਅੱਜ ਵੀ ਮੌਜੂਦ ਹੈ।